BRAMPTON Flower City
brampton.ca

media release

27 ਨਵੰਬਰ, 2018

# ਤੁਹਾਨੂੰ ਬ੍ਰੈਂਪਟਨ ਵਿੱਚ ਸਰਦੀ ਦੇ ਮੌਸਮ ਸਬੰਧੀ ਸਿਟੀ ਦੇ ਇਹਨਾਂ ਕੰਮਾਂ ਬਾਰੇ ਜਾਣਨ ਦੀ ਲੋੜ ਹੈ

ਬ੍ਰੈਂਪਟਨ, ਓਨਟੈਰੀਓ – ਇਹ ਕੋਈ ਲੁਕੀ ਹੋਈ ਗੱਲ ਨਹੀਂ ਹੈ ਕਿ ਬ੍ਰੈਂਪਟਨ ਵਿੱਚ ਸਰਦੀ ਦਾ ਮੌਸਮ ਬਰਫ਼, ਆਈਸ ਅਤੇ ਬਹੁਤ ਘੱਟ ਤਾਪਮਾਨ ਲਿਆਉਂਦਾ ਹੈ। ਹਾਲਾਂਕਿ ਸਰਦੀ ਦਾ ਮੌਸਮ ਕਦੇ-ਕਦਾਈਂ ਆਸ ਤੋਂ ਪਹਿਲਾਂ ਹੀ ਆ ਜਾਂਦਾ ਹੈ, ਇਸ ਲਈ ਸਿਟੀ ਤਿਆਰ ਹੈ। ਇੱਥੇ ਦਿੱਤਾ ਗਿਆ ਹੈ ਕਿ ਤੁਹਾਨੂੰ ਸਰਦੀ ਦੇ ਇਸ ਸੀਜਨ ਬਾਰੇ ਕੀ ਜਾਣਨ ਦੀ ਲੋੜ ਹੈ।

**ਜਦੋਂ ਬਰਫ਼ ਪੈਂਦੀ ਹੈ ਤਾਂ ਸਿਟੀ ਕੀ ਕਰਦੀ ਹੈ?**
ਜਦੋਂ ਬ੍ਰੈਂਪਟਨ ਵਿੱਚ ਬਰਫ਼ ਪੈਂਦੀ ਹੈ, ਤਾਂ ਸਿਟੀ ਦੇ ਅਮਲੇ ਦੀ ਪਹਿਲੀ ਤਰਜੀਹ ਹੁੰਦੀ ਹੈ, **ਮੁੱਖ ਸੜਕਾਂ** ਤੇ ਨਮਕ ਵਿਛਾਉਣਾ ਅਤੇ ਮਸ਼ੀਨ ਨਾਲ ਬਰਫ਼ ਹਟਾਉਣਾ। ਇਹ ਉਹ ਮੁੱਖ ਸੜਕਾਂ ਹਨ, ਜਿਹਨਾਂ ਤੇ ਟ੍ਰੈਫਿਕ ਬਹੁਤ ਜ਼ਿਆਦਾ ਹੁੰਦਾ ਹੈ, ਬ੍ਰੈਂਪਟਨ ਟ੍ਰਾਂਜ਼ਿਟ/ਜ਼ੂਮ ਬੱਸ ਰੂਟ ਤੇ ਹਨ, ਜਾਂ ਉਹਨਾਂ ਤੇ ਪੀਲ ਦਾ ਵੱਖਰਾ ਸਕੂਲ ਜਾਂ ਪਬਲਿਕ ਸਕੂਲ ਹੈ। ਇਹਨਾਂ ਸੜਕਾਂ ਤੇ ਲਗਾਤਾਰ ਨਮਕ ਵਿਛਾਇਆ ਜਾਂਦਾ ਹੈ ਅਤੇ ਬਰਫ਼ ਹਟਾਉਣ ਵਾਲੀ ਮਸ਼ੀਨ ਚਲਾਈ ਜਾਂਦੀ ਹੈ।

ਜਦੋਂ ਮੁੱਖ ਸੜਕਾਂ ਨੂੰ ਸਾਫ਼ ਕਰ ਦਿੱਤਾ ਜਾਂਦਾ ਹੈ, ਤਾਂ ਅਮਲਾ **ਰਿਹਾਇਸ਼ੀ ਸਟ੍ਰੀਟਸ** ਤੇ ਨਮਕ ਵਿਛਾਉਣਾ ਸ਼ੁਰੂ ਕਰਦਾ ਹੈ। ਇਹ ਆਸਪਾਸ ਦੀਆਂ ਉਹ ਸਟ੍ਰੀਟਸ ਹਨ, ਜਿਹਨਾਂ ਤੇ ਘੱਟ ਟ੍ਰੈਫਿਕ ਹੁੰਦਾ ਹੈ।

ਰਿਹਾਇਸ਼ੀ ਸਟ੍ਰੀਟਸ ਤੇ ਮਸ਼ੀਨ ਨਾਲ ਬਰਫ਼ ਹਟਾਉਣ ਦੇ ਕੰਮਾਂ ਬਾਰੇ ਦੋ ਗੱਲਾਂ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ:
- ਉਹਨਾਂ ਤੇ ਸਿਰਫ਼ ਤਦ ਹੀ ਬਰਫ਼ ਹਟਾਉਣ ਦੀ ਮਸ਼ੀਨ ਚਲਾਈ ਜਾਂਦੀ ਹੈ, ਜਦੋਂ ਕਿਸੇ ਸਿੰਗਲ ਤੂਫ਼ਾਨ ਵਿੱਚ ਘੱਟੋ-ਘੱਟ 7.5 ਸੈਂ.ਮੀ. (3 ਇੰਚ) ਬਰਫ਼ ਪਈ ਹੋਵੇ। ਜੋ ਕਿ ਆਈਸ ਹਾਕੀ ਦੀ ਡਿਸਕ (ਹਾਕੀ ਪੱਕ) ਦਾ ਵਿਆਸ ਹੁੰਦਾ ਹੈ, ਜਾਂ ਕ੍ਰਿਕੇਟ ਦੀ ਗੇਂਦ ਤੋਂ ਥੋੜ੍ਹੀ ਵੱਧ ਮੋਟੀ ਹੁੰਦੀ ਹੈ।
- ਮੁੱਖ ਸੜਕਾਂ ਵਾਂਗ ਉਹਨਾਂ ਤੇ ਨੰਗੀ ਸਖਤ ਸਤ੍ਹਾ ਤੇ ਮਸ਼ੀਨ ਨਹੀਂ ਚਲਾਈ ਜਾਂਦੀ। ਜ਼ਮੀਨ ਉੱਤੇ ਥੋੜ੍ਹੀ-ਬਹੁਤ ਬਰਫ਼ ਹੋਣਾ ਆਮ ਗੱਲ ਹੈ, ਭਾਵੇਂ ਸਟ੍ਰੀਟ ਤੇ ਮਸ਼ੀਨ ਚਲਾਈ ਗਈ ਹੋਵੇ।

ਸਿਟੀ ਪਾਰਕਾਂ ਵਿੱਚ ਰੇਕ੍ਰੀਏਸ਼ਨ ਟ੍ਰੇਲਾਂ ਦੇ ਨਾਲ-ਨਾਲ, ਉਹਨਾਂ ਪਗਡੰਡੀਆਂ ਤੇ ਵੀ ਬਰਫ਼ ਹਟਾਉਣ ਦੀ ਮਸ਼ੀਨ ਚਲਾਉਂਦੀ ਹੈ ਅਤੇ ਰੇਤਾ ਵਿਛਾਉਂਦੀ ਹੈ, ਜੋ:
- ਕਿਸੇ ਮੁੱਖ ਸੜਕ ਤੇ ਹਨ
- ਬ੍ਰੈਂਪਟਨ ਟ੍ਰਾਂਜ਼ਿਟ/ਜ਼ੂਮ ਬੱਸ ਰੂਟ ਤੇ ਹਨ
- ਸਿਟੀ ਪਾਰਕ ਜਾਂ ਫੈਸਿਲਿਟੀ ਦੇ ਸਾਹਮਣੇ ਹਨ
- ਤੁਹਾਡੀ ਪ੍ਰਾਪਰਟੀ ਦੇ ਪਿੱਛੇ ਹਨ
- ਪਗਡੰਡੀ ਦੇ ਕਿਨਾਰੇ (ਪਗਡੰਡੀ ਅਤੇ ਸੜਕ ਵਿਚਕਾਰ ਕੋਈ ਘਾਹ ਵਾਲੇ ਬੁਲੇਵਾਰਡ ਨਹੀਂ)

ਹੋਰ ਸਾਰੀਆਂ ਪਗਡੰਡੀਆਂ ਦੀ ਜ਼ਿੰਮੇਵਾਰੀ ਪ੍ਰਾਪਰਟੀ ਦੇ ਮਾਲਕ ਦੀ ਹੁੰਦੀ ਹੈ।

ਅਮਲੇ ਦਾ ਉਦੇਸ਼ ਬਰਫ਼ ਪੈਣੀ ਬੰਦ ਹੋਣ ਤੋਂ ਬਾਅਦ, 24 ਘੰਟਿਆਂ ਦੇ ਅੰਦਰ ਸਾਰੀਆਂ ਸੜਕਾਂ, ਪਗਡੰਡੀਆਂ ਅਤੇ ਰੇਕ੍ਰੀਏਸ਼ਨ ਟ੍ਰੇਲਾਂ ਨੂੰ ਸਾਫ਼ ਕਰਨਾ ਹੁੰਦਾ ਹੈ, ਪਰੰਤੂ ਜੇਕਰ ਮੌਸਮ ਸਬੰਧੀ ਸਥਿਤੀਆਂ ਤੀਬਰ ਹੋਣ ਤਾਂ ਇਸ ਵਿੱਚ ਵੱਧ ਸਮਾਂ ਵੀ ਲੱਗ ਸਕਦਾ ਹੈ। ਅਸੀਂ ਧੀਰਜ ਰੱਖਣ ਲਈ ਸਾਰੇ ਨਿਵਾਸੀਆਂ ਦਾ ਧੰਨਵਾਦ ਕਰਦੇ ਹਾਂ।

**ਤੁਸੀਂ ਤਬਦੀਲੀ ਲਿਆ ਸਕਦੇ ਹੋ!**
- ਬਰਫ਼ ਪੈਣ ਤੋਂ ਬਾਅਦ ਅਗਲੇ ਦਿਨ ਸਵੇਰੇ 11 ਵਜੇ ਤੱਕ ਆਪਣੇ ਘਰ ਦੇ ਸਾਹਮਣੇ ਅਤੇ ਕਿਨਾਰੇ ਦੀ ਪਗਡੰਡੀ ਨੂੰ ਸਾਫ਼ ਕਰੋ
- ਆਪਣੀ ਪ੍ਰਾਪਰਟੀ ਤੋਂ ਬਰਫ਼ ਹਟਾ ਕੇ ਸੜਕ ਜਾਂ ਪਗਡੰਡੀ ਤੇ ਨਾ ਸੁੱਟੋ
- ਕੂੜਾ-ਕਰਕਟ ਇਕੱਠਾ ਕਰਨ ਵਾਲੇ ਦਿਨ, ਆਪਣੇ ਡ੍ਰਾਈਵਵੇ ਦੇ ਹੇਠਾਂ ਜਾਂ ਕਿਨਾਰੇ ਦੇ ਬਿਲਕੁੱਲ ਪਿੱਛੇ ਬੁਲੇਵਾਰਡ ਤੇ ਆਪਣੇ ਕਾਰਟਾਂ ਲਈ ਜਗ੍ਹਾ ਛੱਡੋ। ਉਹਨਾਂ ਨੂੰ ਪਗਡੰਡੀ ਜਾਂ ਸੜਕ ਤੇ ਨਾ ਰੱਖੋ।
- ਜਦੋਂ ਬਰਫ਼ ਪੈ ਰਹੀ ਹੋਵੇ. ਤਾਂ ਸਟ੍ਰੀਟ ਵਿੱਚ ਗੱਡੀ ਪਾਰਕ ਨਾ ਕਰੋ, ਜਦੋਂ ਤੱਕ ਇਸਤੇ ਨਮਕ ਨਾ ਵਿਛਾਇਆ ਜਾਵੇ ਜਾਂ ਮਸ਼ੀਨ ਨਾਲ ਬਰਫ਼ ਨਾ ਹਟਾਈ ਜਾਵੇ। ਜਦੋਂ ਕਿਸੇ ਸਟ੍ਰੀਟ ਤੇ ਕਾਰਾਂ ਪਾਰਕ ਕੀਤੀਆਂ ਹੁੰਦੀਆਂ ਹਨ ਤਾਂ ਅਮਲਾ ਸਹੀ ਢੰਗ ਨਾਲ ਇਸ ਤੋਂ ਮਸ਼ੀਨ ਨਾਲ ਬਰਫ਼ ਨਹੀਂ ਹਟਾ ਸਕਦਾ। ਅਤੇ ਯਾਦ ਰੱਖੋ – ਜੇਕਰ ਸਟ੍ਰੀਟ ਵਿੱਚ ਬਰਫ਼ ਹਟਾਉਣ ਦੀ ਮਸ਼ੀਨ ਨਹੀਂ ਆ ਸਕਦੀ, ਤਾਂ ਫਾਇਰ ਟਰੱਕ ਵੀ ਨਹੀਂ ਆ ਸਕੇਗਾ।

**ਜੁੜੇ ਰਹੋ**

- 24/7 ਬਰਫ਼ ਹਟਾਉਣ ਦੀ ਸਥਿਤੀ ਦੀਆਂ ਅੱਪਡੇਟਾਂ ਸਮੇਤ, ਸਰਦੀ ਬਾਰੇ ਹੋਰ ਜਾਣਕਾਰੀ ਲਈ, www.brampton.ca/snow ਤੇ ਜਾਓ
- ਐਮਰਜੈਂਸੀ ਯੋਜਨਾ ਵਿਕਸਿਤ ਕਰਨ, ਆਪਣੇ ਘਰ ਅਤੇ ਕਾਰ ਲਈ ਐਮਰਜੈਂਸੀ ਕਿੱਟਾਂ ਬਣਾਉਣ ਅਤੇ ਬਰਫ਼ ਹਟਾਉਣ ਵੇਲੇ ਸੁਰੱਖਿਅਤ ਰਹਿਣ ਬਾਰੇ ਸੁਝਾਵਾਂ ਲਈ, www.brampton.ca/prepared ਤੇ ਜਾਓ।
- Twitter @CityBrampton ਤੇ ਫਾਲੋ ਕਰੋ ਅਤੇ Facebook City of Brampton ਤੇ ਲਾਈਕ ਕਰੋ

**ਹਵਾਲਾ**

"ਭਾਵੇਂ ਤੁਸੀਂ ਸਕੀਇੰਗ ਕਰਨ ਲਈ ਉਤਸ਼ਾਹਿਤ ਹੋਵੋ ਜਾਂ ਬੀਚ ਤੇ (ਸਮੁੰਦਰ ਕੰਢੇ) ਜਾਣਾ ਚਾਹੋਗੇ, ਸਰਦੀ ਦਾ ਮੌਸਮ ਆ ਗਿਆ ਹੈ। ਚਿੰਤਾ ਨਾ ਕਰੋ, ਸਿਟੀ ਤਿਆਰ ਹੈ – ਉਪਕਰਨ ਉਪਲਬਧ ਹਨ ਅਤੇ ਨਮਕ ਦਾ ਸਟੌਕ ਇਕੱਠਾ ਕੀਤਾ ਹੋਇਆ ਹੈ। ਯਕੀਨੀ ਬਣਾਓ ਕਿ ਤੁਸੀਂ ਵੀ ਤਿਆਰ ਹੋ। ਇਸਨੂੰ ਇੱਕ ਸੁਰੱਖਿਅਤ ਅਤੇ ਮਜ਼ੇਦਾਰ ਸਰਦੀ ਦਾ ਸੀਜਨ ਬਣਾਉਣ ਵਿੱਚ, ਅਸੀਂ ਸਾਰਿਆਂ ਨੇ ਹੀ ਆਪਣੀ-ਆਪਣੀ ਭੂਮਿਕਾ ਨਿਭਾਉਣੀ ਹੈ।"

- *ਮੇਅਰ ਲਿੰਡਾ ਜੈਫਰੀ (Linda Jeffrey)*

"ਭਾਵੇਂ ਬ੍ਰੈਂਪਟਨ ਵਿੱਚ ਇਹ ਤੁਹਾਡੀ ਪਹਿਲੀ ਸਰਦੀ ਹੋਵੇ ਜਾਂ ਤੁਸੀਂ ਆਪਣੀ ਪੂਰੀ ਜ਼ਿੰਦਗੀ ਇੱਥੇ ਰਹੇ ਹੋਵੋ, ਬਰਫ਼ ਅਜਿਹੀ ਚੀਜ਼ ਹੈ, ਜੋ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਇਸ ਲਈ, ਅਸੀਂ ਇਹ ਯਕੀਨੀ ਬਣਾਉਣ ਲਈ ਬਹੁਤ ਮਿਹਨਤ ਕੀਤੀ ਹੈ ਕਿ ਅਸੀਂ ਪੂਰੀ ਸੰਚਾਲਨ ਯੋਜਨਾ ਸਥਾਪਤ ਕਰਨ ਦੇ ਨਾਲ ਤਿਆਰ ਹਾਂ। ਕੋਈ ਵੀ ਅਜਿਹੇ ਹੋਰ ਨਿਯਮਿਤ ਕਾਰਜਕਰਮ ਨਹੀਂ ਹੈ, ਜਿਸ ਵਿੱਚ ਸਿਟੀ ਤੋਂ ਇੰਨੀ ਵੱਡੀ ਕੋਆਰਡੀਨੇਟ ਕੀਤੀ ਪ੍ਰਤੀਕਿਰਿਆ ਹੁੰਦੀ ਹੋਵੇ – ਜਿੱਥੇ ਬਰਫ਼ ਪੈਣ ਤੇ ਸੈਂਕੜੇ ਕਰਮਚਾਰੀ ਕੰਮ ਕਰਦੇ ਹਨ, ਅਮਲੇ ਤੋਂ ਲੈ ਕੇ, ਜਿਸਨੂੰ ਤੁਸੀਂ ਬਰਫ਼ ਹਟਾਉਂਦੇ ਦੇਖਦੇ ਹੋ, 311 ਤੇ ਗਾਹਕ ਸੇਵਾ ਐਸੋਸੀਏਟਸ ਤੱਕ। ਅਸੀਂ ਸਾਰੇ ਇਹ ਯਕੀਨੀ ਬਣਾਉਣ ਲਈ ਇਕੱਠੇ ਕੰਮ ਕਰ ਰਹੇ ਹਾਂ ਕਿ ਬ੍ਰੈਂਪਟਨ ਵਾਸੀ ਇਸ ਸਰਦੀ ਸੁਰੱਖਿਅਤ ਰੂਪ ਨਾਲ ਘੁੰਮ ਸਕਣ।"

- *ਬ੍ਰੂਸ ਜ਼ਵੈਨਿੰਗਾ (Bruce Zvaniga), ਕਮਿਸ਼ਨਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca